**SMT. RAJNI BALA, VICE PRESIDENT**
**MUNICIPAL COUNCIL, BASSI PATHANA**
**Contact No. 96530-04090**

Reference No. . . . . . . . . . . Datedd 04/07/18

ਵਲ ਵਿਖੇ,

ਕਾਰਜਕਾਰੀ ਇੰਜੀਨੀਅਰ,
ਪੰਜਾਬ ਰਾਜ ਸੀਵਰੇਜ ਬੋਰਡ,
ਪਟਿਆਲਾ।

ਵਿਸ਼ਾ: ਬੱਸੀ ਪਠਾਣਾ ਦੇ ਵਾਰਡ ਨੰ: 4 ਵਿਖੇ ਸੀਵਰਜੇ ਪਾਉਣ ਦੌਰਾਨ ਪੁੱਟੀਆ ਸੜਕਾਂ,ਨਾਲੀਆਂ ਨੂੰ ਪੂਰਾ ਬਣਾਉਣ ਸਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਵਿਸ਼ੇ ਸਬੰਧੀ ਬੇਨਤੀ ਹੈ ਕਿ ਸ਼ਹਿਰ ਦੇ ਵਾਰਡ ਨੰ: 4 ਜਿਹੜੀ ਕਿ ਸੀਵਰੇਜ ਦੀ ਪੁਟਾਈ ਕਰਨ ਤੋਂ ਪਹਿਲਾਂ ਇਸ ਵਾਰਡ ਦੀਆਂ ਗਲੀਆਂ, ਨਾਲੀਆਂ ਤੇ ਮੁੱਖ ਸੜਕਾਂ ਵਧੀਆਂ ਹਾਲਤ ਦੇ ਵਿੱਚ ਆਪਜੀ ਦੇ ਮਹਿਕਮੇ ਦੇ ਹਵਾਲੇ ਕੀਤੀਆਂ ਗਈਆਂ ਸਨ, ਪ੍ਰੰਤੂ ਹੁਣ ਸੀਵੇਰਜ ਪਾਉਣ ਤੋਂ ਬਾਅਦ ਇਹ ਸੜਕਾਂ ਲ: ੮0 ਤੋਂ 90 ਫੀਸਦੀ ਖਤਮ ਹੋ ਚੁੱਕੀਆਂ ਹਨ। ਜਿਸ ਕਾਰਨ ਇਹਨ੍ਹਾਂ ਗਲੀਆਂ ਮੁਹੱਲਿਆਂ ਦੀਆਂ ਮੇਨ ਸੜਕਾਂ ਨੂੰ ਪੂਰਨ ਤੌਰ ਤੇ ਮੁਕੰਮਲ ਰੂਪ ਵਿਚ ਸਾਰਾ ਬਣਾ ਕੇ ਜਿਸ ਤਰ੍ਹਾਂ ਇਸ ਵਾਰਡ ਦੀਆਂ ਸੜਕਾਂ ਆਪਜੀ ਦੇ ਹਵਾਲੇ ਕੀਤੀਆਂ ਗਈਆ ਸਨ ਉਸੇ ਤਰ੍ਹਾਂ ਹੀ ਬਣਾ ਕੇ ਦਿੱਤਾ ਜਾਵੇ। ਜਦੋਂ ਕਿ ਆਪਜੀ ਦੇ ਮਹਿਕਮੇ ਦਾ ਠੇਕੇਦਾਰ ਇਨ੍ਹਾਂ ਗਲੀਆਂ ਵਿੱਚ ਪੈਚ ਵਰਕ ਲਾ ਕੇ ਡੰਗ ਟਪਾਉ ਕੰਮ ਸਾਰ ਰਿਹਾ ਹੈ। ਇਸ ਲਈ ਵਾਰਡ ਵਾਸੀਆਂ ਦਾ ਕਹਿਣਾ ਹੈ ਕਿ ਇਸ ਵਾਰਡ ਦੇ ਸਾਰੇ ਘਰਾਂ ਵਿਚ ਸੀਵਰੇਜ ਟੈਂਕ ਬਣੇ ਹੋਏ ਹਨ ਜੇਕਰ ਸੀਵਰੇਜ ਮਹਿਕਮੇ ਵਲੋਂ ਗਲੀਆਂ ਦੇ ਪੈਚ ਵਰਕ ਕਰਨਾ ਤੇ ਤਾਂ ਅਸੀਂ ਸੀਵਰੇਜ ਦਾ ਕੋਈ ਵੀ ਕੁਨੈਕਸ਼ਨ ਨਹੀਂ ਲਵਾਂਗੇ।

ਮੈਂ ਰਜਨੀ ਬਾਲਾ ਇਸ ਵਾਰਡ ਦੀ ਕੌਂਸਲਰ ਹੋਣ ਦੇ ਨਾਤੇ ਅਤੇ ਨਗਰ ਕੌਂਸਲ ਦੀ ਮੀਤ ਪ੍ਰਧਾਨ ਹੋਣ ਦੇ ਨਾਤੇ ਆਪਜੀ ਨੂੰ ਬੇਨਤੀ ਕਰਦੀ ਹਾਂ ਕਿ ਇਸ ਵਾਰਡ ਦੀਆਂ ਤੋੜੀਆਂ ਗਈਆਂ ਗਲੀਆਂ, ਨਾਲੀਆਂ, ਮੇਨ ਮੁੱਖ ਸੜਕਾਂ ਨੂੰ ਜਿਸ ਤਰ੍ਹਾਂ ਆਪਜੀ ਨੂੰ ਵਧੀਆ ਹਾਲਤ ਵਿਚ ਹਵਾਲੇ ਕੀਤਾ ਸੀ ਉਸੇ ਤਰ੍ਹਾਂ ਬਣਾ ਕੇ ਦਿੱਤੀਆਂ ਜਾਣ ਅਤੇ ਸਾਰੇ ਵਾਰਡ ਵਿਚ ਇੰਟਰ-ਲੋਕ ਟਾਇਲ ਲਗਾਈ ਜਾਵੇ ਕਿਉਂਕਿ ਭਵਿੱਖ ਵਿਚ ਇਸ ਦੀ ਮੁਰੰਮਤ ਕਰਨੀ ਅਸਾਨ੍ਹਾ ਹੁੰਦੀ ਹੈ ਅਤੇ ਇਸਦੀ ਮਿਆਦ ਵੀ ਜਿਆਦਾ ਹੁੰਦੀ ਹੀ, ਨਾਲ ਹੀ ਮੈਂ ਇਹ ਬੇਨਤੀ ਵੀ ਕਰਦੀ ਹਾਂ ਕਿ ਸਿਵਰੇਜ ਮਹਿਕਮੇ ਵਲੋਂ ਜੋ ਵੀ ਸੀ.ਸੀ. ਦਾ ਕੰਮ ਕੀਤਾ ਗਿਆ ਹੈ ਉਹ ਤਸੱਲੀਬਖਸ਼ ਨਹੀਂ ਹੈ ਪਬਲਿਕ ਉਸਤੋਂ ਬਿਲਕੁੱਲ ਵੀ ਸੰਤੁਸ਼ਟ ਨਹੀਂ ਕਿਉਂਕਿ ਮਕਿਹਮੇ ਪਾਸ ਕੋਈ ਵੀ ਮਿਕਸਿੰਗ ਦਾ ਮੁਕੰਮਲ ਪ੍ਰਬੰਧ ਨਹੀਂ ਹੈ ਅਤੇ ਸੀ.ਸੀ. ਦਾ ਕੰਮ ਕੀਤਾ ਗਿਆ ਹੈ ਉਹ ਕਿਸੇ ਵੀ ਸਮੇਂ ਰੁਕ ਸਕਦਾ ਹੈ।

ਇਸ ਲਈ ਮੈਂ ਆਪਜੀ ਨੂੰ ਬੇਨਤੀ ਕਰਦੀ ਹਾਂ ਕਿ ਵਾਰਡ ਵਾਸੀਆਂ ਦੀਆਂ ਮੰਗਾਂ ਅਨੁਸਾਰ ਸੀਵਰਜੇ ਪਾਉਣ ਦੌਰਾਨ ਪੁੱਟੀਆ ਸੜਕਾਂ ਨੂੰ ਪੂਰਾ ਬਣਾਉਣ ਸਬੰਧੀ ਕੰਮ ਮੁਕਮਲ ਕਰਵਾਇਆ ਜਾਵੇ ਜੀ। ਆਪਜੀ ਦੀ ਅਤਿ ਧੰਨਵਾਦੀ ਹੋਵਾਂਗੀ ਜੀ।

ਮਿਤੀ: 04-07-2018

ਆਪਜੀ ਦੀ ਵਿਸ਼ਵਾਸਪਾਤਰ,
Rajni Bala W. No-4
ਰਜਨੀ ਬਾਲਾ,
ਮੀਤ ਪ੍ਰਧਾਨ, ਨਗਰ ਕੌਂਸਲ
ਬੱਸੀ ਪਠਾਣਾ, ਜਿਲ੍ਹਾ ਫਤਹਿਗੜ੍ਹ ਸਾਹਿਬ

ਉਪਰੋਕਤ ਦਾ ਇਕ ਉਤਾਰ:-
1) ਚੀਫ ਇੰਜੀਨੀਅਰ ਪੰਜਾਬ ਰਾਜ ਸੀਵਰੇਜ ਬੋਰਡ,
2) ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ,
3) ਡਿਪਟੀ ਕਮਿਸ਼ਨਰ ਫਤਹਿਗੜ੍ਹ ਸਾਹਿਬ ਜੀ ਦੇ ਧਿਆਨ ਹਿੱਤ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ।

Rajni Bala
W. No-4

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2018/ਵ-3/ 12804 ਮਿਤੀ: 16-7-18

ਉਪਰੋਕਤ ਦੀ ਨਕਲ, ਮੁੱਖ ਇੰਜੀਨੀਅਰ (ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਵਿਸੇ ਅੰਕਿਤ ਮਾਮਲੇ ਤੇ ਲੋੜੀਦੀ ਕਾਰਵਾਈ ਕਰਨ ਉਪਰੰਤ ਢੁਕਵਾਂ ਜਵਾਬ ਸਿੱਧੇ ਤੌਰ ਤੇ ਸਬੰਧਤ ਨੂੰ ਭੇਜਦੇ ਹੋਏ ਰਿਪੋਰਟ ਇਸ ਦਫਤਰ ਨੂੰ ਭੇਜੀ ਜਾਵੇ।

ਕਾਰਜਕਾਰੀ ਇੰਜੀਨੀਅਰ (ਵ)